RECOVERY
Randomised Evaluation of COVID-19 Therapy

# RECOVERY TRIAL – INFORMED CONSENT FORM
# (ਰਿਕਵਰੀ ਪਰਖ - ਸੂਚਿਤ ਸਹਿਮਤੀ ਫਾਰਮ)

UNIVERSITY OF OXFORD

| | |
|---|---|
| **ਹਸਪਤਾਲ ਦਾ ਨਾਮ:** (ਅੰਗਰੇਜ਼ੀ ਦੇ ਵੱਡੇ ਅੱਖਰਾਂ ਦੀ ਵਰਤੋਂ ਕਰੋ) | |
| **ਮਰੀਜ਼ ਦਾ ਨਾਮ:** (ਅੰਗਰੇਜ਼ੀ ਦੇ ਵੱਡੇ ਅੱਖਰਾਂ ਦੀ ਵਰਤੋਂ ਕਰੋ) | |
| **ਅਧਿਐਨ ਆਈਡੀ:** (ਬੇਤਰਤੀਬੀਕਰਨ ਦੇ ਬਾਅਦ ਦਾਖਲ ਕਰੋ) | |

## ਭਾਗੀਦਾਰ ਦੇ ਦਸਤਖ਼ਤਾਂ ਵਾਲਾ ਸੈਕਸ਼ਨ

**ਇਹ ਭਗੀਦਾਰ ਦੁਆਰਾ ਪੂਰਾ ਕੀਤਾ ਜਾਣਾ ਹੈ ਜੇਕਰ ਉਹਨਾਂ ਕੋਲ ਸਹਿਮਤੀ ਦੇਣ ਦੀ ਸਮਰੱਥਾ ਹੈ ਅਤੇ ਉਹ ਆਪਣੇ ਆਪ ਦਸਤਖ਼ਤ ਕਰ ਸਕਦੇ ਹਨ।**

**1. ਮੈਨੂੰ ਅਧਿਐਨ ਬਾਰੇ ਜਾਣਕਾਰੀ ਮੁਹੱਈਆ ਕੀਤੀ ਗਈ ਹੈ:** ਮੈਂ ਪੁਸ਼ਟੀ ਕਰਦਾ/ਕਰਦੀ ਹਾਂ ਕਿ ਮੈਂ ਭਾਗੀਦਾਰ ਜਾਣਕਾਰੀ ਸ਼ੀਟ (V27.0 30-ਜੂਨ-2025) ਨੂੰ ਪੜ੍ਹ ਲਿਆ ਹੈ (ਜਾਂ ਮੈਨੂੰ ਪੜ੍ਹ ਕੇ ਸੁਣਾਇਆ ਗਿਆ ਹੈ) ਅਤੇ ਮੈਂ ਇਸ ਨੂੰ ਸਮਝ ਲਿਆ ਹੈ ਅਤੇ ਮੈਨੂੰ ਜਾਣਕਾਰੀ 'ਤੇ ਵਿਚਾਰ ਕਰਨ ਅਤੇ ਸਵਾਲ ਪੁੱਛਣ ਦਾ ਮੌਕਾ ਮਿਲਿਆ ਹੈ। ਇਨ੍ਹਾਂ ਦਾ ਤਸੱਲੀਬਖਸ਼ ਜਵਾਬ ਦਿੱਤਾ ਗਿਆ ਹੈ।

**2. ਸਵੈ-ਇਛੁੱਕ ਭਾਗੀਦਾਰੀ:** ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੀ ਭਾਗੀਦਾਰੀ ਸਵੈਇੱਛੁਕ ਹੈ ਅਤੇ ਇਹ ਕਿ ਮੈਂ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਸਮੇਂ ਨਾਮ ਵਾਪਸ ਲੈਣ ਲਈ ਸੁਤੰਤਰ ਹਾਂ ਅਤੇ ਇਸ ਨਾਲ ਮੇਰੀ ਮੈਡੀਕਲ ਦੇਖਭਾਲ ਜਾਂ ਕਾਨੂੰਨੀ ਅਧਿਕਾਰਾਂ ‘ਤੇ ਕੋਈ ਅਸਰ ਨਹੀਂ ਪਵੇਗਾ।

**3. ਮੇਰੇ ਬਾਰੇ ਅਧਿਐਨ ਡੇਟਾ ਤੱਕ ਪਹੁੰਚ:** ਮੈਂ ਇਸ ਹਸਪਤਾਲ, ਆਕਸਫੋਰਡ ਯੂਨੀਵਰਸਿਟੀ, ਅਤੇ ਰੈਗੂਲੇਟਰੀ ਅਥਾਰਟੀਆਂ ਦੇ ਅਧਿਕਾਰਤ ਵਿਅਕਤੀਆਂ ਦੁਆਰਾ, ਅਧਿਐਨ ਦੇ ਦੌਰਾਨ ਇਕੱਠੀ ਕੀਤੀ ਗਈ ਜਾਣਕਾਰੀ ਅਤੇ ਮੇਰੀਆਂ ਮੈਡੀਕਲ ਟਿੱਪਣੀਆਂ ਦੇ ਸੰਬੰਧਿਤ ਭਾਗਾਂ ਨੂੰ ਪਰਦੇਦਾਰੀ ਨਾਲ ਦੇਖਣ ਦੀ ਇਜਾਜ਼ਤ ਦਿੰਦਾ/ਦੀ ਹਾਂ ਤਾਂ ਜੋ ਇਹ ਜਾਂਚ ਕੀਤੀ ਜਾ ਸਕੇ ਕਿ ਅਧਿਐਨ ਸਹੀ ਢੰਗ ਨਾਲ ਕੀਤਾ ਜਾ ਰਿਹਾ ਹੈ।

**4. ਮੇਰੀ ਮੈਡੀਕਲ ਜਾਣਕਾਰੀ ਤਕ ਪਹੁੰਚ:** ਮੈਂ ਸਹਿਮਤ ਹਾਂ ਕਿ ਉਹਨਾਂ ਡਾਕਟਰਾਂ ਅਤੇ ਹਸਪਤਾਲਾਂ ਦੁਆਰਾ ਇਕੱਤਰ ਕੀਤੀ ਡਾਕਟਰੀ ਜਾਣਕਾਰੀ ਜੋ ਮੈਨੂੰ ਦੇਖਭਾਲ ਪ੍ਰਦਾਨ ਕਰਦੇ ਹਨ ਅਤੇ ਜੋ ਸਥਾਨਕ ਜਾਂ ਰਾਸ਼ਟਰੀ ਸਿਹਤ ਅਤੇ ਖੋਜ ਸੰਸਥਾਵਾਂ ਵਿੱਚ ਸਥਿਤ ਹੋ ਸਕਦੀ ਹੈ (ਹਸਪਤਾਲ ਦਾਖਲਾ, ਸਿਵਲ ਰਜਿਸਟ੍ਰੇਸ਼ਨ, ਆਡਿਟ ਅਤੇ ਖੋਜ ਡੇਟਾ ਸਮੇਤ), ਮੇਰੇ ਇੱਥੇ ਰਹਿਣ ਦੇ ਦੌਰਾਨ ਅਤੇ ਡਿਸਚਾਰਜ ਦੇ ਬਾਅਦ 10 ਸਾਲਾਂ ਤੱਕ ਅਧਿਐਨ ਤਾਲਮੇਲ ਕੇਂਦਰ ਨੂੰ ਪ੍ਰਦਾਨ ਕੀਤੀ ਜਾ ਸਕਦੀ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਇਹ ਸੰਭਵ ਬਣਾਉਣ ਲਈ ਮੇਰੀ ਪਛਾਣ ਕਰਨ ਵਾਲੀ ਜਾਣਕਾਰੀ ਸੁਰੱਖਿਅਤ ਢੰਗ ਨਾਲ ਅਜਿਹੀਆਂ ਸੰਸਥਾਵਾਂ ਨੂੰ ਦਿੱਤੀ ਜਾਵੇਗੀ ਅਤੇ ਇਹ ਕਿ ਮੈਂ ਕਿਸੇ ਵੀ ਸਮੇਂ ਤਾਲਮੇਲ ਕੇਂਦਰ ਟੀਮ ਨੂੰ ਲਿਖ ਕੇ ਇਸ ਤੋਂ ਬਾਹਰ ਹੋ ਸਕਦਾ/ਸਕਦੀ ਹਾਂ।

**5. ਡਾਟਾ ਸਟੋਰੇਜ ਅਤੇ ਸਾਂਝਾ ਕਰਨਾ:** ਮੈਂ ਸਮਝਦਾ/ਸਮਝਦੀ ਹਾਂ ਕਿ ਅਧਿਐਨ ਵਿੱਚ ਮੇਰੀ ਪ੍ਰਗਤੀ ਬਾਰੇ ਜਾਣਕਾਰੀ ਆਕਸਫੋਰਡ ਯੂਨੀਵਰਸਿਟੀ ਦੁਆਰਾ ਨਿਗਰਾਨੀ ਕੀਤੇ ਕੰਪਿਊਟਰਾਂ ਵਿੱਚ ਸਟੋਰ ਕੀਤੀ ਜਾਵੇਗੀ ਅਤੇ ਇਹ ਜਾਣਕਾਰੀ ਸੁਰੱਖਿਅਤ ਅਤੇ ਗੁਪਤ ਰੱਖੀ ਜਾਵੇਗੀ। ਮੈਂ ਸਮਝਦਾ/ਸਮਝਦੀ ਹਾਂ ਕਿ ਉਹ ਡਾਟਾ, ਜਿਸ ਤੋਂ ਮੇਰੀ ਪਛਾਣ ਨਹੀਂ ਹੋ ਸਕਦੀ, ਉਹਨਾਂ ਨੂੰ ਹੋਰ ਖੋਜ ਸਮੂਹਾਂ ਜਾਂ RECOVERY ਵਿੱਚ ਟੈਸਟ ਕੀਤੇ ਗਏ ਇਲਾਜਾਂ ਦੇ ਨਿਰਮਾਤਾਵਾਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ। ਇਹ ਜਾਣਕਾਰੀ ਸਿਰਫ਼ ਡਾਕਟਰੀ ਖੋਜ ਲਈ ਵਰਤੀ ਜਾਵੇਗੀ।

**6. ਜੀਪੀ:** ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੇ ਜੀਪੀ ਨੂੰ RECOVERY ਪਰਖ ਵਿੱਚ ਮੇਰੀ ਭਾਗੀਦਾਰੀ ਨਾਲ ਸੰਬੰਧਿਤ ਕਿਸੇ ਵੀ ਮੁੱਦੇ ਬਾਰੇ ਸੂਚਿਤ ਕੀਤਾ ਜਾ ਸਕਦਾ ਹੈ।

**7. ਨਮੂਨੇ:** ਮੈਂ ਜਾਣਦਾ/ਜਾਣਦੀ ਹਾਂ ਕਿ ਨੱਕ ਦੇ ਸਵੈਬ ਨੂੰ ਇਨਫਲੂਐਨਜ਼ਾ ਵਾਇਰਸ ਦੇ ਮਾਪ ਲਈ ਲਿਆ ਜਾ ਸਕਦਾ ਹੈ ਅਤੇ ਕੇਂਦਰੀ ਪ੍ਰਯੋਗਸ਼ਾਲਾ ਵਿੱਚ ਭੇਜਿਆ ਜਾ ਸਕਦਾ ਹੈ।

**8. ਭਾਗ ਲੈਣ ਲਈ ਇਕਰਾਰਨਾਮਾ:** ਮੈਂ ਜਾਣਕਾਰੀ ਪੜ੍ਹ ਲਈ ਹੈ (ਜਾਂ ਇਹ ਮੈਨੂੰ ਪੜ੍ਹ ਕੇ ਸੁਣਾਈ ਗਈ ਹੈ), ਮੈਨੂੰ ਸਵਾਲ ਪੁੱਛਣ ਅਤੇ ਉਪਰੋਕਤ ਅਧਿਐਨ ਵਿੱਚ ਹਿੱਸਾ ਲੈਣ ਲਈ ਸਹਿਮਤ ਹੋਣ ਦਾ ਮੌਕਾ ਮਿਲਿਆ ਸੀ।

| | | |
|---|---|---|
| ................................................ | ........................................ | ......./......./........... |
| ਭਾਗੀਦਾਰ ਦਾ ਸਾਫ ਅੱਖਰਾਂ ਵਿੱਚ ਪੂਰਾ ਨਾਮ | ਦਸਤਖ਼ਤ | ਅੱਜ ਦੀ ਮਿਤੀ |

(RECOVERY ਸਹਿਮਤੀ ਸਿਖਲਾਈ ਜ਼ਰੂਰ ਪੂਰੀ ਕੀਤੀ ਹੋਣੀ ਚਾਹੀਦੀ ਹੈ)।

| | | |
|---|---|---|
| ................................................ | ........................................ | ......./......./........... |
| ਸਹਿਮਤੀ ਲੈਣ ਵਾਲੇ ਵਿਅਕਤੀ ਦਾ ਸਾਫ ਅੱਖਰਾਂ ਵਿੱਚ ਨਾਮ | ਦਸਤਖ਼ਤ | ਅੱਜ ਦੀ ਮਿਤੀ |

**1 ਕਾਪੀ ਭਾਗੀਦਾਰ ਲਈ; 1 ਕਾਪੀ ਖੋਜਕਰਤਾ ਸਾਈਟ ਫ਼ਾਈਲ ਲਈ; 1 (ਮੂਲ) ਭਾਗੀਦਾਰ ਦੇ ਮੈਡੀਕਲ ਟਿੱਪਣੀਆਂ ਵਿੱਚ ਰੱਖਣ ਲਈ ਬਣਾਓ*

**RECOVERY TRIAL – INFORMED CONSENT FORM**
**(ਰਿਕਵਰੀ ਪਰਖ - ਸੂਚਿਤ ਸਹਿਮਤੀ ਫਾਰਮ)**

| | |
|---|---|
| **ਹਸਪਤਾਲ ਦਾ ਨਾਮ:** (ਅੰਗਰੇਜ਼ੀ ਦੇ ਵੱਡੇ ਅੱਖਰਾਂ ਦੀ ਵਰਤੋਂ ਕਰੋ) | |
| **ਮਰੀਜ਼ ਦਾ ਨਾਮ:** (ਅੰਗਰੇਜ਼ੀ ਦੇ ਵੱਡੇ ਅੱਖਰਾਂ ਦੀ ਵਰਤੋਂ ਕਰੋ) | |
| **ਅਧਿਐਨ ਆਈਡੀ:** (ਬੇਤਰਤੀਬੀਕਰਨ ਦੇ ਬਾਅਦ ਦਾਖਲ ਕਰੋ) | |

## ਗਵਾਹ ਦੁਆਰਾ ਤਸਦੀਕ ਕੀਤਾ ਸਹਿਮਤੀ ਸੈਕਸ਼ਨ

**ਇਹ ਭਾਗ ਇੱਕ ਨਿਰਪੱਖ ਗਵਾਹ ਦੁਆਰਾ ਪੂਰਾ ਕੀਤਾ ਜਾਣਾ ਹੈ ਜੇਕਰ ਭਾਗੀਦਾਰ ਵਿੱਚ ਸਹਿਮਤੀ ਦੇਣ ਦੀ ਸਮਰੱਥਾ ਹੈ ਪਰ ਉਹ ਟੈਕਸਟ ਨੂੰ ਪੜ੍ਹਨ ਅਤੇ/ਜਾਂ ਆਪਣੇ ਆਪ ਦਸਤਖ਼ਤ ਕਰਨ ਦੇ ਦੇ ਯੋਗ ਨਹੀਂ ਹੈ**

ਮੈਂ ਦੇਖਿਆ ਕਿ ਸੰਭਾਵੀ ਭਾਗੀਦਾਰ ਲਈ ਸਹਿਮਤੀ ਫਾਰਮ ਸਹੀ ਤਰ੍ਹਾਂ ਨਾਲ ਪੜ੍ਹ ਕੇ ਸੁਣਾਇਆ ਗਿਆ, ਜੋ ਕੋਈ ਵੀ ਸਵਾਲ ਪੁੱਛ ਸਕਦਾ ਸੀ ਅਤੇ ਉਸ ਨੂੰ ਤਸੱਲੀਬਖਸ਼ ਜਵਾਬ ਪ੍ਰਾਪਤ ਹੋਏ।

ਮੈਂ ਪੁਸ਼ਟੀ ਕਰਦਾ/ਕਰਦੀ ਹਾਂ ਕਿ ਉਸ ਨੇ ਆਪਣੀ ਸਹਿਮਤੀ ਆਪਣੀ ਮਰਜ਼ੀ ਨਾਲ ਦਿੱਤੀ ਹੈ।

| | | |
|---|---|---|
| ................................................. ਗਵਾਹ ਦਾ ਸਾਫ ਅੱਖਰਾਂ ਵਿੱਚ ਪੂਰਾ ਨਾਮ | ......................................... ਦਸਤਖ਼ਤ | ......../......../........... ਅੱਜ ਦੀ ਮਿਤੀ |
| ਗਵਾਹ ਦੀ ਕਿਸਮ (ਪਰਿਵਾਰਕ ਮੈਂਬਰ / ਸਟਾਫ਼ ਦਾ ਸੁਤੰਤਰ ਮੈਂਬਰ / RECOVERY ਤੋਂ ਕੋਈ ਹੋਰ ਸੁਤੰਤਰ ਗਵਾਹ)। | | |
| ................................................. ਸਹਿਮਤੀ ਲੈਣ 'ਤੇ | ......................................... ਦਸਤਖ਼ਤ | ......../......../............ ਅੱਜ ਦੀ ਮਿਤੀ |

(RECOVERY ਸਹਿਮਤੀ ਸਿਖਲਾਈ ਜ਼ਰੂਰ ਪੂਰੀ ਕੀਤੀ ਹੋਣੀ ਚਾਹੀਦੀ ਹੈ)।
**1 ਕਾਪੀ ਭਾਗੀਦਾਰ ਲਈ; 1 ਕਾਪੀ ਖੋਜਕਰਤਾ ਸਾਈਟ ਫ਼ਾਈਲ ਲਈ; 1 (ਮੂਲ) ਭਾਗੀਦਾਰ ਦੇ ਮੈਡੀਕਲ ਟਿੱਪਣੀਆਂ ਵਿੱਚ ਰੱਖਣ ਲਈ ਬਣਾਓ*

## ਕਾਨੂੰਨੀ ਪ੍ਰਤੀਨਿਧੀ ਦੀ ਸਹਿਮਤੀ ਵਾਲਾ ਸੈਕਸ਼ਨ

**ਇਹ ਭਾਗ ਕਾਨੂੰਨੀ ਪ੍ਰਤੀਨਿਧੀ ਦੁਆਰਾ ਪੂਰਾ ਕੀਤਾ ਜਾਣਾ ਹੈ ਜੇ ਮਰੀਜ਼ ਕੋਲ ਆਪਣੀ ਡਾਕਟਰੀ ਸਥਿਤੀ ਦੀ ਗੰਭੀਰਤਾ (ਜਿਵੇਂ ਸਾਹ ਲੈਣ ਵਿੱਚ ਤੀਬਰ ਅਸਫਲਤਾ ਜਾਂ ਤੁਰੰਤ ਹਵਾਦਾਰੀ ਦੀ ਲੋੜ) ਜਾਂ ਪਹਿਲਾਂ ਦੀ ਸਥਿਤੀ ਦੇ ਕਾਰਨ ਸਹਿਮਤੀ ਦੇਣ ਦੀ ਸਮਰੱਥਾ ਨਹੀਂ ਹੈ:**

ਮੈਂ ਜਾਣਕਾਰੀ ਪੜ੍ਹ ਲਈ ਹੈ (ਜਾਂ ਇਹ ਮੈਨੂੰ ਪੜ੍ਹ ਕੇ ਸੁਣਾਈ ਗਈ ਹੈ) ਅਤੇ ਮੈਨੂੰ ਸਵਾਲ ਪੁੱਛਣ ਦਾ ਮੌਕਾ ਮਿਲਿਆ ਹੈ।

RECOVERY ਪਰਖ ਵਿੱਚ ਮੇਰੀ ਕੋਈ ਹੋਰ ਸ਼ਮੂਲੀਅਤ ਨਹੀਂ ਹੈ।

ਮੈਂ ਸਮਝਦਾ/ਸਮਝਦੀ ਹਾਂ ਕਿ ਮਰੀਜ਼ ਨੂੰ ਪਰਖ ਬਾਰੇ ਸੂਚਿਤ ਕੀਤਾ ਜਾਵੇਗਾ ਜਿਵੇਂ ਹੀ ਉਹ ਅਜਿਹਾ ਕਰਨ ਦੇ ਸਮਰੱਥ ਬਣਦਾ ਹੈ ਅਤੇ ਜੇਕਰ ਉਹ ਚਾਹੇ, ਤਾਂ ਉਹ ਆਪਣੀ ਡਾਕਟਰੀ ਦੇਖਭਾਲ ਨੂੰ ਪ੍ਰਭਾਵਿਤ ਕੀਤੇ ਬਿਨਾਂ ਅਧਿਐਨ ਤੋਂ ਪਿੱਛੇ ਹੱਟ ਸਕਦਾ/ਸਕਦੀ ਹੈ।

ਮੇਰਾ ਮੰਨਣਾ ਹੈ ਕਿ ਜੇਕਰ ਉਹ ਸਮਰੱਥ ਹੁੰਦਾ, ਤਾਂ ਮਰੀਜ਼ ਇਸ ਅਧਿਐਨ ਵਿੱਚ ਹਿੱਸਾ ਲੈਣਾ ਚਾਹੁੰਦਾ/ਚਾਹੁੰਦੀ।

| | | |
|---|---|---|
| ................................................. | ......................................... | ......../......../........... |
| ਕਾਨੂੰਨੀ ਪ੍ਰਤੀਨਿਧੀ ਦਾ ਸਾਫ ਅੱਖਰਾਂ ਵਿੱਚ ਨਾਮ | ਦਸਤਖ਼ਤ | ਅੱਜ ਦੀ ਮਿਤੀ |

.................................................
ਭਾਗੀਦਾਰ ਨਾਲ ਸਬੰਧ *(ਜਾਂ ਜੇ ਡਾਕਟਰੀ ਕਰਮਚਾਰੀ ਕਾਨੂੰਨੀ ਪ੍ਰਤੀਨਿਧੀ ਵਜੋਂ ਕੰਮ ਕਰ ਰਿਹਾ ਹੈ ਤਾਂ 'ਪੇਸ਼ੇਵਰ' ਲਿਖੋ)*

| | | |
|---|---|---|
| ................................................. | ......................................... | ......../......../........... |
| ਸਹਿਮਤੀ ਲੈਣ ਵਾਲੇ ਵਿਅਕਤੀ ਦਾ ਸਾਫ ਅੱਖਰਾਂ ਵਿੱਚ ਨਾਮ | ਦਸਤਖ਼ਤ | ਅੱਜ ਦੀ ਮਿਤੀ |

(RECOVERY ਸਹਿਮਤੀ ਸਿਖਲਾਈ ਜ਼ਰੂਰ ਪੂਰੀ ਕੀਤੀ ਹੋਣੀ ਚਾਹੀਦੀ ਹੈ)।

**1 ਕਾਪੀ ਕਾਨੂੰਨੀ ਪ੍ਰਤਿਨਿਧੀ ਲਈ; 1 ਕਾਪੀ ਖੋਜਕਰਤਾ ਸਾਈਟ ਫ਼ਾਈਲ ਲਈ; 1 (ਮੂਲ) ਭਾਗੀਦਾਰ ਮੈਡੀਕਲ ਟਿੱਪਣੀਆਂ ਵਿੱਚ ਰੱਖਣ ਲਈ ਬਣਾਉ*

**ਭਾਗ ਲੈਣ ਲਈ ਸੱਦਾ**

ਅਸੀਂ ਉਹਨਾਂ ਲੋਕਾਂ ਨੂੰ, ਜੋ ਨਿਮੋਨੀਆ ਨਾਲ ਹਸਪਤਾਲ ਵਿੱਚ ਦਾਖਲ ਹੋਏ ਹਨ, ਇਸ ਖੋਜ ਅਧਿਐਨ ਵਿੱਚ ਸ਼ਾਮਲ ਹੋਣ ਲਈ ਸਹਿਮਤੀ ਦੇਣ ਵਾਸਤੇ ਸੱਦਾ ਦੇ ਰਹੇ ਹਾਂ, ਜੋ ਕਿ ਸੰਭਾਵੀ ਨਿਮੋਨੀਆ ਦੇ ਇਲਾਜਾਂ ਦੀ ਤੁਲਨਾ ਕਰ ਰਿਹਾ ਹੈ। ਇਹ ਫਾਰਮ ਭਾਗ ਲੈਣ ਦੇ ਉਦੇਸ਼ਾਂ, ਜੋਖਮਾਂ ਅਤੇ ਲਾਭਾਂ ਸਮੇਤ ਅਧਿਐਨ ਬਾਰੇ ਜਾਣਕਾਰੀ ਦਿੰਦਾ ਹੈ।

**ਤੁਹਾਨੂੰ ਇਸ ਖੋਜ ਅਧਿਐਨ ਬਾਰੇ ਕੀ ਪਤਾ ਹੋਣਾ ਚਾਹੀਦਾ ਹੈ:**

**1) ਇਹ ਖੋਜ ਕਿਉਂ ਕੀਤੀ ਜਾ ਰਹੀ ਹੈ?**

ਤੁਹਾਡੇ ਡਾਕਟਰਾਂ ਨੇ ਪਾਇਆ ਹੈ ਕਿ ਤੁਹਾਨੂੰ ਫੇਫੜਿਆਂ ਦੀ ਲਾਗ ਹੈ ਜਿਸ ਨੂੰ ਨਿਮੋਨੀਆ ਕਿਹਾ ਜਾਂਦਾ ਹੈ, ਜੋ ਕਿ ਕਈ ਵੱਖ-ਵੱਖ ਜੀਵਾਣੂਆਂ ਕਾਰਨ ਹੋ ਸਕਦੀ ਹੈ। ਇਹ ਅਧਿਐਨ ਦੋ ਤਰ੍ਹਾਂ ਦੇ ਨਿਮੋਨੀਆ ਦੇ ਇਲਾਜ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ:

- ਇਨਫਲੂਐਂਜ਼ਾ ਨਿਮੋਨੀਆ, ਜੋ ਇਨਫਲੂਐਂਜ਼ਾ ('ਫਲੂ') ਵਾਇਰਸ ਕਾਰਨ ਹੁੰਦਾ ਹੈ।
- ਨਿਮੋਨੀਆ ਜੋ ਗਲੇ ਵਿੱਚ ਰਹਿਣ ਵਾਲੇ ਬੈਕਟੀਰੀਆ ਕਾਰਨ ਹੁੰਦਾ ਹੈ (ਆਮ ਤੌਰ 'ਤੇ ਇਸਨੂੰ 'ਕਮਿਊਨਿਟੀ-ਐਕਵਾਇਰਡ ਨਿਮੋਨੀਆ' ਕਿਹਾ ਜਾਂਦਾ ਹੈ)।

ਤੁਹਾਡਾ ਡਾਕਟਰ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕਿਸ ਕਿਸਮ ਦਾ ਨਿਮੋਨੀਆ ਹੈ। ਜ਼ਿਆਦਾਤਰ ਮਰੀਜ਼ ਜਿਨ੍ਹਾਂ ਨੂੰ ਇਹ ਲਾਗ ਲੱਗਦੀ ਹੈ, ਉਹ ਹਸਪਤਾਲ ਆਏ ਬਿਨਾਂ ਹੀ ਠੀਕ ਹੋ ਜਾਂਦੇ ਹਨ। ਜਿਹੜੇ ਲੋਕ ਹਸਪਤਾਲ ਵਿੱਚ ਦਾਖਲ ਹੁੰਦੇ ਹਨ, ਉਨ੍ਹਾਂ ਵਿੱਚੋਂ ਜ਼ਿਆਦਾਤਰ ਵੀ ਠੀਕ ਹੋ ਜਾਂਦੇ ਹਨ, ਪਰ ਠੀਕ ਹੋਣ ਤੋਂ ਪਹਿਲਾਂ ਕੁਝ ਨੂੰ ਆਕਸੀਜਨ ਜਾਂ ਮਕੈਨੀਕਲ ਵੈਂਟੀਲੇਸ਼ਨ ਦੀ ਲੋੜ ਪੈ ਸਕਦੀ ਹੈ। ਹਾਲਾਂਕਿ, ਕੁਝ ਪ੍ਰਤੀਸ਼ਤ ਠੀਕ ਨਹੀਂ ਹੁੰਦੇ।

ਇਸ ਪਰਖ ਨੇ ਪਹਿਲਾਂ ਹੀ ਦਿਖਾਇਆ ਹੈ ਕਿ ਇੱਕ ਕਿਸਮ ਦਾ ਸਟੀਰੌਇਡ, ਡੈਕਸਾਮੇਥਾਸੋਨ, ਅਤੇ ਹੋਰ ਇਲਾਜ COVID-19 ਨਿਮੋਨੀਆ ਕਾਰਨ ਹਸਪਤਾਲ ਵਿੱਚ ਦਾਖਲ ਕੁਝ ਮਰੀਜ਼ਾਂ ਲਈ ਮੌਤ ਦੇ ਖ਼ਤਰੇ ਨੂੰ ਘਟਾਉਂਦੇ ਹਨ। ਕਈ ਹੋਰ ਇਲਾਜ ਹਨ ਜੋ ਇਨਫਲੂਐਂਜ਼ਾ ਨਿਮੋਨੀਆ ਜਾਂ ਕਮਿਊਨਿਟੀ-ਐਕਵਾਇਰਡ ਨਿਮੋਨੀਆ ਦੇ ਇਲਾਜ ਵਿੱਚ ਵਰਤੇ ਜਾਣ 'ਤੇ ਮਦਦਗਾਰ (ਜਾਂ ਸੰਭਾਵਤ ਤੌਰ 'ਤੇ ਨੁਕਸਾਨਦੇਹ) ਹੋ ਸਕਦੇ ਹਨ। ਇਸ ਅਧਿਐਨ ਦਾ ਉਦੇਸ਼ ਇਹ ਪਤਾ ਲਗਾਉਣਾ ਹੈ ਕਿ ਕੀ ਇਹਨਾਂ ਵਾਧੂ ਇਲਾਜਾਂ ਵਿੱਚੋਂ ਕੋਈ ਵੀ ਲਾਭਦਾਇਕ ਹੈ।

**2) ਇਸ ਅਧਿਐਨ ਦਾ ਮਕਸਦ ਕੀ ਹੈ?**

ਇਸ ਅਧਿਐਨ ਦਾ ਉਦੇਸ਼ ਕਈ ਵੱਖ-ਵੱਖ ਇਲਾਜਾਂ ਦੀ ਤੁਲਨਾ ਕਰਨਾ ਹੈ ਜੋ ਨਿਮੋਨੀਆ ਵਾਲੇ ਮਰੀਜ਼ਾਂ ਲਈ ਲਾਭਦਾਇਕ ਹੋ ਸਕਦੇ ਹਨ। ਹਾਲਾਂਕਿ ਇਹ ਇਲਾਜ ਫਾਇਦਾ ਦਿਖਾਉਂਦੇ ਹਨ, ਕੋਈ ਵੀ ਇਹ ਨਹੀਂ ਜਾਣਦਾ ਹੈ ਕਿ ਕੀ ਇਹਨਾਂ ਵਿੱਚੋਂ ਕੋਈ ਵੀ ਇਲਾਜ ਤੁਹਾਡੇ ਹਸਪਤਾਲ ਦੇ ਸਾਰੇ ਮਰੀਜ਼ਾਂ ਦੁਆਰਾ ਪ੍ਰਾਪਤ ਕੀਤੀ ਜਾਣ ਵਾਲੀ ਆਮ ਮਿਆਰੀ ਦੇਖਭਾਲ ਨਾਲੋਂ ਮਰੀਜ਼ਾਂ ਦੀ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਠੀਕ ਹੋਣ ਵਿੱਚ ਮਦਦ ਕਰੇਗਾ ਜਾਂ ਨਹੀਂ।

- ਇਨਫਲੂਐਂਜ਼ਾ ਨਿਮੋਨੀਆ ਲਈ ਜਿਨ੍ਹਾਂ ਇਲਾਜਾਂ ਦੀ ਅਸੀਂ ਜਾਂਚ ਕਰ ਰਹੇ ਹਾਂ, ਵਿੱਚ ਦੋ ਐਂਟੀ-ਵਾਇਰਲ ਇਲਾਜ ਸ਼ਾਮਲ ਹਨ, ਓਸੇਲਟਾਮੀਵਿਰ ਅਤੇ ਬਾਲੋਕਸਾਵਿਰ ਅਤੇ ਘੱਟ-ਖੁਰਾਕ ਵਾਲਾ ਡੇਕਸਾਮੇਥਾਸੋਨ।
- ਕਮਿਊਨਿਟੀ-ਐਕੁਆਇਰਡ ਨਿਮੋਨੀਆ ਲਈ ਜਿਸ ਇਲਾਜ ਦੀ ਅਸੀਂ ਜਾਂਚ ਕਰ ਰਹੇ ਹਾਂ ਉਹ ਡੇਕਸਾਮੇਥਾਸੋਨ ਹੈ।

ਵਰਤਮਾਨ ਵਿੱਚ, ਸਾਨੂੰ ਨਹੀਂ ਪਤਾ ਕਿ ਇਹਨਾਂ ਵਿੱਚੋਂ ਕੋਈ ਵੀ ਕੰਮ ਕਰੇਗਾ ਜਾਂ ਨਹੀਂ। ਹਾਲਾਂਕਿ, ਦੂਜੇ ਉਪਯੋਗਾਂ ਤੋਂ ਮਾੜੇ ਪ੍ਰਭਾਵ ਪਹਿਲਾਂ ਹੀ ਪਤਾ ਹਨ ਅਤੇ ਇਸ ਲਈ ਤੁਹਾਡਾ ਡਾਕਟਰ ਤੁਹਾਡੀ ਸਹੀ ਨਿਗਰਾਨੀ ਕਰ ਸਕੇਗਾ।

**3) ਅਧਿਐਨ ਕੌਣ ਕਰ ਰਿਹਾ ਹੈ?**

ਇਹ ਅਧਿਐਨ ਆਕਸਫੋਰਡ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੁਆਰਾ ਕਰਵਾਇਆ ਜਾ ਰਿਹਾ ਹੈ, ਜੋ ਯੂਕੇ ਦੇ ਕਈ ਹਸਪਤਾਲਾਂ ਦੇ ਡਾਕਟਰਾਂ ਨਾਲ ਕੰਮ ਕਰਦੇ ਹੋਏ, ਖੋਜ ਲਈ ਸਪਾਂਸਰ ਵਜੋਂ ਕੰਮ ਕਰਦੀ ਹੈ।

**4) ਅਧਿਐਨ ਵਿੱਚ ਕਿਸ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ?**

ਮਰੀਜ਼ਾਂ ਨੂੰ ਇਸ ਅਧਿਐਨ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ ਜੇ ਉਹ ਹਸਪਤਾਲ ਵਿੱਚ ਹਨ ਅਤੇ ਉਹਨਾਂ ਦੀ ਲੈਬੋਰਟਰੀ ਟੈਸਟ ਦੁਆਰਾ ਇਨਫਲੂਐਂਜ਼ਾ ਨਿਮੋਨੀਆ ਦੀ ਪੁਸ਼ਟੀ ਕੀਤੀ ਗਈ ਹੈ, ਜਾਂ ਜੇ ਉਹਨਾਂ ਦੇ ਡਾਕਟਰ ਨੇ ਕਮਿਊਨਿਟੀ-ਐਕੁਆਇਰਡ ਨਿਮੋਨੀਆ ਦਾ ਨਿਦਾਨ ਕੀਤਾ ਹੈ। ਮਰੀਜ਼ਾਂ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ ਜੇਕਰ ਦੇਖਣ ਵਾਲੇ ਡਾਕਟਰ ਨੂੰ ਲੱਗਦਾ ਹੈ ਕਿ ਕੋਈ ਵੀ ਅਧਿਐਨ ਇਲਾਜ ਉਨ੍ਹਾਂ ਲਈ ਢੁਕਵਾਂ ਨਹੀਂ ਹੈ। ਮਰੀਜ਼ਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਜੇਕਰ ਉਹਨਾਂ ਨੂੰ 6 ਮਹੀਨੇ ਤੋਂ ਜ਼ਿਆਦਾ ਸਮਾਂ ਪਹਿਲਾਂ RECOVERY ਵਿੱਚ ਭਰਤੀ ਕੀਤਾ ਗਿਆ ਸੀ (ਹਾਲਾਂਕਿ ਉਸੇ ਤੁਲਨਾ ਵਿੱਚ ਇੱਕ ਤੋਂ ਵੱਧ ਵਾਰ ਨਹੀਂ)।

**5) ਜੇਕਰ ਮੈਂ ਇਸ ਅਧਿਐਨ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੋਵਾਂ ਤਾਂ ਅੱਗੇ ਕੀ ਹੋਵੇਗਾ?**

ਜੇਕਰ ਤੁਸੀਂ ਸ਼ਾਮਲ ਹੋਣ ਦਾ ਫੈਸਲਾ ਕਰਦੇ ਹੋ, ਤਾਂ ਤੁਹਾਨੂੰ ਸਹਿਮਤੀ ਫਾਰਮ 'ਤੇ ਦਸਤਖਤ ਕਰਨ ਲਈ ਕਿਹਾ ਜਾਵੇਗਾ। ਅੱਗੇ, ਤੁਹਾਡੀ ਪਛਾਣ ਕਰਨ ਵਾਲੇ ਅਤੇ ਤੁਹਾਡੀ ਸਿਹਤ ਅਤੇ ਡਾਕਟਰੀ ਸਥਿਤੀਆਂ ਬਾਰੇ ਕੁਝ ਸਵਾਲਾਂ ਦੇ ਜਵਾਬ ਦੇਣ ਵਾਲੇ ਸੰਖੇਪ ਵੇਰਵੇ ਕੰਪਿਊਟਰ ਵਿੱਚ ਦਾਖਲ ਕੀਤੇ ਜਾਣਗੇ। ਜੇਕਰ ਤੁਸੀਂ ਬੱਚੇ ਪੈਦਾ ਕਰਨ ਦੀ ਸਮਰੱਥ ਔਰਤ ਹੋ, ਤਾਂ ਤੁਹਾਡਾ ਗਰਭ-ਅਵਸਥਾ ਦਾ ਟੈਸਟ ਹੋਵੇਗਾ। ਜੇਕਰ ਤੁਹਾਨੂੰ 'ਫਲੂ' ਹੈ ਤਾਂ ਨੱਕ ਦਾ ਸਵੈਬ ਹੁਣ ਅਤੇ 5 ਦਿਨਾਂ ਵਿੱਚ ਇੱਕ ਵਾਰ ਹੋਰ ਇਕੱਤਰ ਕੀਤਾ ਜਾ ਸਕਦਾ ਹੈ। ਇਹਨਾਂ ਸਵੈਬ ਦੇ ਨਤੀਜੇ ਤੁਹਾਡੀ ਮੈਡੀਕਲ ਟੀਮ ਲਈ ਉਪਲਬਧ ਨਹੀਂ ਹੋਣਗੇ ਕਿਉਂਕਿ ਇਹ ਖੋਜ ਲਈ ਹਨ ਅਤੇ ਕਲੀਨਿਕਲ ਤੌਰ 'ਤੇ ਵਰਤੇ ਜਾਣ ਲਈ ਪ੍ਰਮਾਣਿਤ ਨਹੀਂ ਹਨ, ਅਤੇ ਟੈਸਟਿੰਗ ਪੂਰੀ ਹੋਣ ਤੋਂ ਬਾਅਦ ਨਮੂਨੇ ਨਸ਼ਟ ਕਰ ਦਿੱਤੇ ਜਾਣਗੇ। ਜੇ ਤੁਹਾਨੂੰ ਦਿਨ 5 ਤੋਂ ਪਹਿਲਾਂ ਛੁੱਟੀ ਦਿੱਤੀ ਜਾਂਦੀ ਹੈ ਤਾਂ ਤੁਹਾਨੂੰ ਪੁੱਛਿਆ ਜਾ ਸਕਦਾ ਹੈ ਕਿ ਕੀ ਤੁਸੀਂ ਘਰ ਵਿੱਚ ਸਵੈਬ ਦਾ ਨਮੂਨਾ ਲੈਣ ਅਤੇ ਇਸਨੂੰ ਵਾਪਸ ਪੋਸਟ ਕਰਨ ਲਈ ਤਿਆਰ ਹੋ (ਮੁਫ਼ਤ)। ਇਹ ਵਿਕਲਪਿਕ ਹੈ।

ਤੁਹਾਨੂੰ ਕਿਹੜੀ ਬਿਮਾਰੀ ਹੈ ਅਤੇ ਤੁਹਾਡੇ ਡਾਕਟਰ ਕੀ ਸੋਚਦੇ ਹਨ, ਇਸ 'ਤੇ ਨਿਰਭਰ ਕਰਦੇ ਹੋਏ, ਕੰਪਿਊਟਰ ਤੁਹਾਨੂੰ ਬੇਤਰਤੀਬ ਤਰੀਕੇ ਨਾਲ (ਜਿਵੇਂ ਕਿ ਇੱਕ ਸਿੱਕਾ ਉਛਾਲ ਕੇ) ਸੰਭਾਵੀ ਇਲਾਜ ਵਿਕਲਪਾਂ ਵਿੱਚੋਂ ਇੱਕ (ਜਾਂ ਕਈ ਵਾਰ ਜ਼ਿਆਦਾ) ਲਈ ਨਿਯਤ ਕਰੇਗਾ। ਅਧਿਐਨ ਇਲਾਜ ਨੂੰ ਪ੍ਰਾਪਤ ਕਰਨ ਜਾਂ ਪ੍ਰਾਪਤ ਨਾ ਕਰਨ ਲਈ ਅਲਾਟ ਕੀਤੇ ਜਾਣ ਤੋਂ ਇਲਾਵਾ, ਤੁਹਾਨੂੰ ਉਹੀ ਮਿਆਰੀ ਦੇਖਭਾਲ ਦਿੱਤੀ ਜਾਵੇਗੀ ਜੋ ਤੁਸੀਂ ਅਧਿਐਨ ਵਿੱਚ ਸ਼ਾਮਲ ਨਹੀਂ ਹੋਣ ‘ਤੇ ਪ੍ਰਾਪਤ ਕਰਦੇ।। ਨਾ ਤਾਂ ਤੁਸੀਂ ਅਤੇ ਨਾ ਹੀ ਤੁਹਾਡੇ ਡਾਕਟਰ ਇਹ ਚੁਣ ਸਕਦੇ ਹਨ ਕਿ ਤੁਹਾਨੂੰ ਇਹਨਾਂ ਵਿੱਚੋਂ ਕਿਹੜਾ ਇਲਾਜ ਦਿੱਤਾ ਜਾਵੇਗਾ। ਤੁਹਾਡੀ ਸਿਹਤ ਬਾਰੇ ਵਾਧੂ ਜਾਣਕਾਰੀ ਨੂੰ ਰਿਕਾਰਡ ਕੀਤਾ ਜਾਵੇਗਾ ਅਤੇ ਅਧਿਐਨ ਕੰਪਿਊਟਰ ਵਿੱਚ ਦਾਖਲ ਕੀਤਾ ਜਾਵੇਗਾ। ਤੁਹਾਡੇ ਹਸਪਤਾਲ ਤੋਂ ਜਾਣ ਦੇ ਬਾਅਦ ਕਿਸੇ ਵਾਧੂ ਮੁਲਾਕਾਤਾਂ ਦੀ ਲੋੜ ਨਹੀਂ ਪਵੇਗੀ।

ਤੁਹਾਡੀ ਸਿਹਤ ਬਾਰੇ ਜਾਣਕਾਰੀ (ਅਧਿਐਨ ਤੋਂ ਪਹਿਲਾਂ, ਇਸਦੇ ਦੌਰਾਨ ਅਤੇ ਬਾਅਦ ਵਿੱਚ) ਮੈਡੀਕਲ ਰਿਕਾਰਡਾਂ ਜਾਂ ਡੇਟਾਬੇਸ (NHS ਇੰਗਲੈਂਡ, UK ਹੈਲਥ ਸਕਿਉਰਿਟੀ ਏਜੰਸੀ, ਹੋਰ ਸਮਾਨ ਸੰਸਥਾਵਾਂ, ਅਤੇ ਜੈਨੇਟਿਕ ਜਾਂ ਹੋਰ ਖੋਜ ਡੇਟਾਬੇਸ ਸਮੇਤ ਜੇ ਤੁਸੀਂ ਉਹਨਾਂ ਨੂੰ ਨਮੂਨੇ ਪ੍ਰਦਾਨ ਕੀਤੇ ਹਨ) ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ਤਾਂ ਜੋ ਅਧਿਐਨ ਟੀਮ ਤੁਹਾਡੇ ਡਿਸਚਾਰਜ ਤੋਂ ਬਾਅਦ 10 ਸਾਲਾਂ ਤੱਕ ਤੁਹਾਡੀ ਸਿਹਤ 'ਤੇ ਅਧਿਐਨ ਇਲਾਜਾਂ ਦੇ ਪ੍ਰਭਾਵਾਂ ਬਾਰੇ ਵਧੇਰੇ ਵਿਸਤ੍ਰਿਤ ਜਾਂ ਲੰਬੀ ਮਿਆਦ ਦੀ ਜਾਣਕਾਰੀ ਪ੍ਰਾਪਤ ਕਰ ਸਕੇ। ਗਰਭਵਤੀ ਔਰਤਾਂ ਲਈ ਅਸੀਂ ਯੂਕੇ ਓਬਸਟੈਟ੍ਰਿਕਸ ਨਿਗਰਾਨੀ ਪ੍ਰਣਾਲੀ ਤੋਂ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਨਤੀਜੇ ਇਕੱਠੇ ਕਰਾਂਗੇ। ਅਸੀਂ ਤੁਹਾਨੂੰ ਸਮੇਂ-ਸਮੇਂ 'ਤੇ ਪਰਖ ਬਾਰੇ ਦੱਸਣ ਲਈ ਪੱਤਰ ਲਿਖ ਸਕਦੇ ਹਾਂ, ਪਰ ਜੇ ਤੁਸੀਂ ਚਾਹੋ ਤਾਂ ਤੁਸੀਂ ਇਹਨਾਂ ਪੱਤਰਾਂ ਤੋਂ ਬਾਹਰ ਹੋ ਸਕੋਗੇ। ਤੁਹਾਡੇ ਜੀਪੀ ਨੂੰ ਪਰਖ ਵਿੱਚ ਤੁਹਾਡੀ ਭਾਗੀਦਾਰੀ ਨਾਲ ਸੰਬੰਧਿਤ ਕਿਸੇ ਵੀ ਮੁੱਦੇ ਬਾਰੇ ਸੂਚਿਤ ਕੀਤਾ ਜਾ ਸਕਦਾ ਹੈ।

**6) ਅਧਿਐਨ ਵਿੱਚ ਹੋਣ ਦੇ ਕੀ ਸੰਭਾਵੀ ਲਾਭ ਕੀ ਹਨ?**

ਸਾਨੂੰ ਨਹੀਂ ਪਤਾ ਕਿ ਟੈਸਟ ਕੀਤੇ ਜਾ ਰਹੇ ਕਿਸੇ ਵੀ ਇਲਾਜ ਦੇ ਵਾਧੂ ਲਾਭ ਹੋਣਗੇ ਜਾਂ ਨਹੀਂ। ਤੁਹਾਡਾ ਅਧਿਐਨ ਇਲਾਜ ਤੁਹਾਡੀ ਨਿੱਜੀ ਤੌਰ 'ਤੇ ਮਦਦ ਕਰ ਸਕਦਾ ਹੈ ਅਤੇ ਨਹੀਂ ਵੀ ਕਰ ਸਕਦਾ ਹੈ, ਪਰ ਇਹ ਅਧਿਐਨ ਭਵਿੱਖ ਦੇ ਮਰੀਜ਼ਾਂ ਦੀ ਮਦਦ ਕਰੇਗਾ।

**7) ਅਧਿਐਨ ਵਿੱਚ ਹੋਣ ਦੇ ਕੀ ਸੰਭਾਵੀ ਜੋਖਮ ਕੀ ਹਨ?**

- ਡੇਕਸਾਮੇਥਾਸੋਨ (ਅਤੇ ਹੋਰ ਸਟੀਰੌਇਡ) ਨੀਂਦ ਵਿੱਚ ਵਿਘਨ ਪਾ ਸਕਦੀ ਹੈ ਅਤੇ ਲਾਗਾਂ ਦੇ ਜੋਖਮ ਨੂੰ ਵਧਾ ਸਕਦੀ ਹੈ। ਸ਼ੂਗਰ ਵਾਲੇ ਲੋਕਾਂ ਵਿੱਚ ਇਹ ਬਲੱਡ ਸ਼ੂਗਰ ਨੂੰ ਵਧਾ ਸਕਦੀ ਹੈ।
- ਓਸੇਲਟਾਮੀਵਿਰ ਸਿਰ ਦਰਦ, ਪੇਟ ਵਿੱਚ ਗੜਬੜ ਅਤੇ ਐਲਰਜੀ ਵਾਲੀਆਂ ਪ੍ਰਤੀਕਿਰਿਆਵਾਂ ਦਾ ਕਾਰਨ ਬਣ ਸਕਦੀ ਹੈ।
- ਬਾਲੋਕਸਾਵਿਰ ਕਦੇ-ਕਦਾਈਂ ਐਲਰਜੀ ਪੈਦਾ ਕਰਦੀ ਹੈ, ਪਰ ਬਾਲਗਾਂ ਵਿੱਚ ਇਸਦੇ ਕੋਈ ਹੋਰ ਗਿਆਤ ਮਾੜੇ ਅਸਰ ਨਹੀਂ ਹਨ।

ਕਿਸੇ ਵੀ ਅਧਿਐਨ ਦਵਾਈ ਤੋਂ ਗੰਭੀਰ ਪ੍ਰਤਿਕਿਰਿਆ ਹੋਣ ਦੀ ਅਸੰਭਾਵੀ ਸੰਭਾਵਨਾ ਵੀ ਹੈ। ਜੇ ਤੁਸੀਂ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਆਪਣੇ ਹਸਪਤਾਲ ਦੇ ਡਾਕਟਰ ਨੂੰ ਪੁੱਛੋ। ਇੱਕ ਵਾਰ ਜਦੋਂ ਤੁਸੀਂ ਅਧਿਐਨ ਵਿੱਚ ਸ਼ਾਮਲ ਹੋ ਜਾਂਦੇ ਹੋ, ਤਾਂ ਤੁਸੀਂ ਅਤੇ ਤੁਹਾਡੇ ਡਾਕਟਰਾਂ ਨੂੰ ਪਤਾ ਲੱਗ ਜਾਵੇਗਾ ਕਿ ਕੰਪਿਊਟਰ ਨੇ ਤੁਹਾਡੇ ਲਈ ਕਿਹੜਾ ਇਲਾਜ ਨਿਯਤ ਕੀਤਾ ਹੈ। ਤੁਹਾਡੇ ਡਾਕਟਰਾਂ ਨੂੰ ਪਤਾ ਹੋਵੇਗਾ ਕਿ ਕੀ ਕੋਈ ਅਜਿਹੇ ਖਾਸ ਮਾੜੇ ਅਸਰ ਹਨ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਧਿਆਨ ਰੱਖਣਾ ਚਾਹੀਦਾ ਹੈ।

**8) ਗਰਭਵਤੀ ਔਰਤਾਂ**

ਜਿਹੜੀਆਂ ਔਰਤਾਂ ਗਰਭਵਤੀ ਹਨ ਉਹਨਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ, ਪਰ, ਕੁਝ ਇਲਾਜਾਂ ਦਾ ਅਣਜੰਮੇ ਬੱਚਿਆਂ 'ਤੇ ਅਸਰ ਬਾਰੇ ਪੱਕਾ ਪਤਾ ਨਹੀਂ ਹੈ। ਸਟੀਰੋਇਡਾਂ ਅਤੇ ਓਸੇਲਟਾਮੀਵਿਰ ਨੂੰ ਪਹਿਲਾਂ ਹੋਰ ਡਾਕਟਰੀ ਸਥਿਤੀਆਂ ਲਈ ਗਰਭ ਅਵਸਥਾ ਵਿੱਚ ਸੁਰੱਖਿਆ ਚਿੰਤਾਵਾਂ ਦੇ ਬਿਨਾਂ ਵਰਤਿਆ ਗਿਆ ਹੈ (ਪਰ ਕਿਉਂਕਿ ਡੇਕਸਾਮੇਥਾਸੋਨ ਦਾ ਬੱਚੇ 'ਤੇ ਪ੍ਰਭਾਵ ਪੈ ਸਕਦਾ ਹੈ, ਗਰਭਵਤੀ ਅਤੇ ਛਾਤੀ ਦਾ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਨੂੰ ਇੱਕ ਵਿਕਲਪਕ ਸਟੀਰੋਇਡ ਦਿੱਤਾ ਜਾਵੇਗਾ)। ਬਾਲੋਕਸਾਵਿਰ ਦੀ ਵਰਤੋਂ ਪਹਿਲਾਂ ਗਰਭਵਤੀ ਔਰਤਾਂ ਵਿੱਚ ਨਹੀਂ ਕੀਤੀ ਗਈ ਸੀ ਪਰ ਇਹਨਾਂ ਨੂੰ ਇੱਕ ਰਾਸ਼ਟਰੀ ਮਾਹਰ ਪੈਨਲ ਦੁਆਰਾ ਇਸ ਪਰੀਖਣ ਵਿੱਚ ਗਰਭਵਤੀ ਔਰਤਾਂ ਵਿੱਚ ਵਰਤਣ ਲਈ ਇੱਕ ਸਵੀਕਾਰਯੋਗ ਤੌਰ 'ਤੇ ਘੱਟ ਪੱਧਰ ਦਾ ਜੋਖਮ ਮੰਨਿਆ ਜਾਂਦਾ ਹੈ; ਤੁਹਾਡੀ ਮੈਡੀਕਲ ਟੀਮ ਤੁਹਾਡੇ ਨਾਲ ਚਰਚਾ ਕਰੇਗੀ ਕਿ ਕੀ ਤੁਸੀਂ ਇਹਨਾਂ ਵਿੱਚੋਂ ਕਿਸੇ ਦਵਾਈ ਨੂੰ ਪ੍ਰਾਪਤ ਕਰਨਾ ਚਾਹੋਗੇ।

**9) ਕੀ ਮੈਂ ਅਧਿਐਨ ਦੇ ਇਲਾਜ ਜਾਂ ਆਪਣੀ ਭਾਗੀਦਾਰੀ ਨੂੰ ਜਲਦੀ ਰੋਕ ਸਕਦਾ/ਸਕਦੀ ਹਾਂ?**

ਜੇ ਤੁਸੀਂ ਜਾਂ ਤੁਹਾਡਾ ਡਾਕਟਰ ਕੋਰਸ ਪੂਰਾ ਹੋਣ ਤੋਂ ਪਹਿਲਾਂ ਅਧਿਐਨ ਦੇ ਇਲਾਜ ਨੂੰ ਰੋਕਣਾ ਚਾਹੁੰਦੇ ਹੋ, ਤਾਂ ਤੁਸੀਂ ਅਜਿਹਾ ਕਰਨ ਲਈ ਸੁਤੰਤਰ ਹੋ। ਜੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਤੁਸੀਂ ਨਹੀਂ ਚਾਹੁੰਦੇ ਹੋ ਕਿ ਤੁਹਾਡੇ ਬਾਰੇ ਕੋਈ ਹੋਰ ਜਾਣਕਾਰੀ ਇਕੱਤਰ ਕੀਤੀ ਜਾਵੇ, ਤਾਂ ਅਸੀਂ ਅਜਿਹਾ ਨਹੀਂ ਕਰਾਂਗੇ (ਹਾਲਾਂਕਿ ਉਸ ਸਮੇਂ ਤੱਕ ਇਕੱਤਰ ਕੀਤੀ ਗਈ ਅਣਪਛਾਤੀ ਜਾਣਕਾਰੀ ਦਾ ਖੋਜ ਟੀਮ ਦੁਆਰਾ ਵਿਸ਼ਲੇਸ਼ਣ ਕੀਤਾ ਜਾਣਾ ਜਾਰੀ ਰਹੇਗਾ)। ਸਾਡੇ ਨਾਲ ਸੰਪਰਕ ਕਰਨ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ।

**10) ਜੇਕਰ ਮੇਰੇ ਕੋਈ ਸਵਾਲ ਜਾਂ ਸਮੱਸਿਆਵਾਂ ਹਨ, ਤਾਂ ਮੈਂ ਕਿਸ ਨੂੰ ਕਾਲ ਕਰ ਸਕਦਾ/ਸਕਦੀ ਹਾਂ?**

ਹਸਪਤਾਲ ਵਿੱਚ ਰਹਿੰਦੇ ਹੋਏ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੀ ਹਸਪਤਾਲ ਦੀ ਮੈਡੀਕਲ ਟੀਮ ਨਾਲ ਗੱਲ ਕਰੋ। ਅਧਿਐਨ ਬਾਰੇ ਹੋਰ ਜਾਣਕਾਰੀ ਅਧਿਐਨ ਵੈੱਬਸਾਈਟ (www.recoverytrial.net) 'ਤੇ ਉਪਲਬਧ ਹੈ। ਜੇਕਰ ਤੁਸੀਂ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਪਰਖ ਟੀਮ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਸਾਨੂੰ recoverytrial@ndph.ox.ac.uk 'ਤੇ ਈਮੇਲ ਕਰੋ ਜਾਂ 0808 164 4060 'ਤੇ ਮੁਫਤ ਕਾਲ ਕਰੋ।

**11) ਤੁਸੀਂ ਮੇਰੇ ਬਾਰੇ ਕਿਹੜੀ ਜਾਣਕਾਰੀ ਰੱਖਦੇ ਹੋ ਅਤੇ ਤੁਸੀਂ ਇਸਨੂੰ ਗੁਪਤ ਕਿਵੇਂ ਰੱਖਦੇ ਹੋ?**

ਤੁਹਾਡੇ ਅਤੇ ਤੁਹਾਡੀ ਸਿਹਤ ਬਾਰੇ ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ। ਜਿਨ੍ਹਾਂ ਲੋਕਾਂ ਨੂੰ ਜਾਣਕਾਰੀ ਨੂੰ ਦੇਖਣ ਦੀ ਇਜਾਜ਼ਤ ਹੋਵੇਗੀ, ਜੋ ਤੁਹਾਡੀ ਪਛਾਣ ਕਰਦੀ ਹੈ, ਉਹ ਹਨ ਜੋ ਅਧਿਐਨ ਚਲਾ ਰਹੇ ਡਾਕਟਰ ਹਨ, ਆਕਸਫੋਰਡ ਯੂਨੀਵਰਸਿਟੀ ਅਤੇ ਤੁਹਾਡੇ ਹਸਪਤਾਲ ਦੇ ਅਧਿਕਾਰਤ ਸਟਾਫ਼, ਅਤੇ ਰੈਗੂਲੇਟਰੀ ਅਥਾਰਟੀ ਜੋ ਜਾਂਚ ਕਰਦੇ ਹਨ ਕਿ ਅਧਿਐਨ ਸਹੀ ਢੰਗ ਨਾਲ ਕੀਤਾ ਜਾ ਰਿਹਾ ਹੈ। ਉਹ ਡੇਟਾ ਜਿਸ ਤੋਂ ਤੁਹਾਡੀ ਪਛਾਣ ਨਹੀਂ ਹੋ ਸਕਦੀ ('ਅਗਿਆਤ' ਡੇਟਾ), ਉਹ ਸਮਾਨ ਖੋਜ ਕਰ ਰਹੇ ਹੋਰ ਖੋਜ ਸਮੂਹਾਂ ਜਾਂ RECOVERY ਵਿੱਚ ਟੈਸਟ ਕੀਤੇ ਗਏ ਇਲਾਜਾਂ ਦੇ ਨਿਰਮਾਤਾਵਾਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ। ਇਸ ਅਗਿਆਤ ਡੇਟਾ ਨੂੰ ਕਿਸੇ ਵੀ ਹੋਰ ਜਾਣਕਾਰੀ ਨਾਲ ਇਸ ਤਰੀਕੇ ਨਾਲ ਨਹੀਂ ਜੋੜਿਆ ਜਾਵੇਗਾ ਜੋ ਤੁਹਾਡੀ ਪਛਾਣ ਕਰ ਸਕੇ, ਅਤੇ ਇਹ ਸਿਰਫ਼ ਡਾਕਟਰੀ ਖੋਜ ਲਈ ਵਰਤਿਆ ਜਾਵੇਗਾ। ਸਾਡਾ ਗੋਪਨੀਯਤਾ ਨੋਟਿਸ ਇਸ ਬਾਰੇ ਹੋਰ ਵੇਰਵੇ ਦਿੰਦਾ ਹੈ ਕਿ ਤੁਹਾਡਾ ਡੇਟਾ ਕਿਵੇਂ ਵਰਤਿਆ ਜਾ ਸਕਦਾ ਹੈ (www.recoverytrial.net/study-faq/data-privacy)।

**12) ਕੀ ਮੈਨੂੰ ਭਾਗ ਲੈਣਾ ਹੀ ਪਵੇਗਾ?**

ਨਹੀਂ। ਅਧਿਐਨ ਵਿੱਚ ਸ਼ਾਮਲ ਹੋਣਾ ਸਵੈਇੱਛਤ ਹੈ। ਭਾਗ ਲੈਣ ਜਾਂ ਨਾ ਲੈਣ ਦਾ ਤੁਹਾਡਾ ਫੈਸਲਾ ਤੁਹਾਨੂੰ ਮਿਲਣ ਵਾਲੀ ਦੇਖਭਾਲ ਨੂੰ ਪ੍ਰਭਾਵਿਤ ਨਹੀਂ ਕਰੇਗਾ।

**13) ਕੀ ਕੋਈ ਵਿੱਤੀ ਖਰਚੇ ਜਾਂ ਭੁਗਤਾਨ ਹਨ?**

ਨਹੀਂ। ਪਰਖ ਵਿਚਲੇ ਸਾਰੇ ਇਲਾਜ ਮੁਫ਼ਤ ਹਣ। ਇਸ ਅਧਿਐਨ ਵਿੱਚ ਤੁਹਾਡੀ ਭਾਗੀਦਾਰੀ ਲਈ ਨਾ ਤਾਂ ਤੁਹਾਨੂੰ ਅਤੇ ਨਾ ਹੀ ਤੁਹਾਡੇ ਮੈਡੀਕਲ ਸਟਾਫ ਨੂੰ ਭੁਗਤਾਨ ਕੀਤਾ ਜਾਵੇਗਾ।

**14) ਤੁਸੀਂ ਮੈਨੂੰ ਹੋਰ ਕੀ ਦੱਸ ਸਕਦੇ ਹੋ?**

ਅਧਿਐਨ ਨੂੰ ਦਵਾਈਆਂ ਅਤੇ ਸਿਹਤ ਸੰਭਾਲ ਉਤਪਾਦ ਰੈਗੂਲੇਟਰੀ ਏਜੰਸੀ (MHRA) ਅਤੇ ਕੈਮਬ੍ਰਿਜ ਈਸਟ ਰਿਸਰਚ ਐਥਿਕਸ ਕਮੇਟੀ (ਹੈਲਥ ਰਿਸਰਚ ਅਥਾਰਟੀ, ਰੈਫਰੈਂਸ 20/EE/0101) ਦੁਆਰਾ ਮਨਜ਼ੂਰ ਕੀਤਾ ਗਿਆ ਹੈ। ਇਸ ਨੂੰ ਫੰਡ ਯੂਕੇ ਰਿਸਰਚ ਐਂਡ ਇਨੋਵੇਸ਼ਨ, ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਐਂਡ ਕੇਅਰ ਰਿਸਰਚ, ਅਤੇ ਫਲੂ ਲੈਬ ਨਾਮਕ ਇੱਕ ਚੈਰਿਟੀ ਦੁਆਰਾ ਦਿੱਤਾ ਜਾਂਦਾ ਹੈ, ਨਾ ਕਿ ਅਧਿਐਨ ਦੇ ਕਿਸੇ ਵੀ ਇਲਾਜ ਦੇ ਨਿਰਮਾਤਾ ਦੁਆਰਾ (ਜੋ ਪਰਖ ਲਈ ਇਲਾਜ ਮੁਫਤ ਮੁਹੱਈਆ ਕਰ ਸਕਦੇ ਹਨ)। ਜੇ ਸਾਨੂੰ ਕੋਈ ਨਵੀਂ ਜਾਣਕਾਰੀ ਮਿਲਦੀ ਹੈ ਜੋ ਅਧਿਐਨ ਵਿੱਚ ਰਹਿਣ ਦੇ ਤੁਹਾਡੇ ਫੈਸਲੇ ਨੂੰ ਪ੍ਰਭਾਵਿਤ ਕਰ ਸਕਦੀ ਹੈ, ਤਾਂ ਅਸੀਂ ਤੁਹਾਨੂੰ ਦੇਵਾਂਗੇ। ਪ੍ਰਾਯੋਜਕ ਦੇ ਤੌਰ 'ਤੇ, ਆਕਸਫੋਰਡ ਯੂਨੀਵਰਸਿਟੀ ਕੋਲ ਇਸ ਅਧਿਐਨ ਵਿੱਚ ਤੁਹਾਡੀ ਭਾਗੀਦਾਰੀ ਦੇ ਸਿੱਧੇ ਨਤੀਜੇ ਵਜੋਂ ਤੁਹਾਨੂੰ ਕੋਈ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਵਾਲੀ ਅਸੰਭਾਵਿਤ ਸਥਿਤੀ ਵਿੱਚ ਉਚਿਤ ਬੀਮਾ ਹੈ। NHS ਮੁਆਵਜ਼ਾ ਪ੍ਰਦਾਨ ਕੀਤੇ ਜਾਂਦੇ ਕਲੀਨਿਕਲ ਇਲਾਜ ਦੇ ਸਬੰਧ ਵਿੱਚ ਕੰਮ ਕਰਦਾ ਹੈ।